# COVID-19 ਵੈਕਸੀਨ ਸਨੈਪਸ਼ਾਟ

Vaccinate WA
CovidVaccineWA.org

ਕਲੀਨਿਕਲ ਟ੍ਰਾਇਲ ਦਰਸਾਉਂਦੇ ਹਨ ਕਿ ਉਪਲਬਧ ਵੈਕਸੀਨਾਂ COVID-19 ਨੂੰ ਰੋਕਣ ਲਈ ਬਹੁਤ ਕਾਰਗਰ ਹਨ।

| | **Johnson & Johnson**<br>ਐਡੇਨੋਵਾਇਰਸ (ਵਾਇਰਲ ਵੈਕਟਰ) ਵੈਕਸੀਨ | **Pfizer – BioNTech**<br>Pfizer ਅਤੇ Moderna ਦੋਵੇਂ mRNA ਵੈਕਸੀਨਾਂ ਹਨ | **Moderna** | **Novavax**<br>ਪ੍ਰੋਟੀਨ ਸਬਯੂਨਿਟ ਵੈਕਸੀਨ |
|---|---|---|---|---|
| **ਮੈਨੂੰ ਮੁੱਖ ਲੜੀ ਦੀਆਂ ਕਿੰਨੀਆਂ ਖੁਰਾਕਾਂ ਦੀ ਲੋੜ ਹੈ?**<br><br>**ਤੁਸੀਂ ਆਪਣੀ ਮੁੱਖ ਲੜੀ ਨੂੰ ਪੂਰਾ ਕਰਨ ਦੇ 2 ਹਫ਼ਤਿਆਂ ਬਾਅਦ ਪੂਰੀ ਤਰ੍ਹਾਂ ਸੁਰੱਖਿਅਤ ਹੋ** | **18 ਸਾਲ ਜਾਂ ਇਸ ਤੋਂ ਵੱਧ ਉਮਰ** ਦੇ ਲੋਕਾਂ ਲਈ - **1 ਖੁਰਾਕ**<br><br>**ਕਮਜ਼ੋਰ ਰੋਗ ਪ੍ਰਤਿਰੋਧਕ ਸ਼ਕਤੀ ਵਾਲੇ 18 ਸਾਲ ਅਤੇ ਇਸ ਤੋਂ ਵੱਧ ਉਮਰ** ਦੇ ਲੋਕਾਂ ਲਈ - **2 ਖੁਰਾਕਾਂ**, Johnson & Johnson ਦੀ 1 ਖੁਰਾਕ, ਇਸਤੋਂ ਬਾਅਦ ਪਹਿਲੀ ਖੁਰਾਕ ਦੇ ਘੱਟੋ-ਘੱਟ 4 ਹਫ਼ਤਿਆਂ ਬਾਅਦ mRNA ਦੀ ਇੱਕ ਖੁਰਾਕ | **6 ਮਹੀਨੇ - 4 ਸਾਲ ਦੀ ਉਮਰ ਦੇ** ਬੱਚਿਆਂ ਲਈ - **3 ਖੁਰਾਕਾਂ**, ਪਹਿਲੀ ਖੁਰਾਕ ਤੋਂ 3 ਹਫ਼ਤਿਆਂ ਬਾਅਦ, ਦੂਜੀ ਖੁਰਾਕ ਤੋਂ 8 ਹਫ਼ਤਿਆਂ ਬਾਅਦ<br><br>**ਤੀਜੀ ਖੁਰਾਕ ਦੋ-ਪੱਖੀ ਹੈ।**<br><br>**5 ਸਾਲ ਅਤੇ ਇਸ ਤੋਂ ਵੱਧ ਉਮਰ** ਦੇ ਜ਼ਿਆਦਾਤਰ ਲੋਕਾਂ ਲਈ - **2 ਖੁਰਾਕਾਂ**, 3-8 ਹਫ਼ਤਿਆਂ ਦੇ ਅੰਤਰਾਲ ਵਿੱਚ<br><br>**ਕਮਜ਼ੋਰ ਰੋਗ ਪ੍ਰਤਿਰੋਧਕ ਸ਼ਕਤੀ ਵਾਲੇ 5 ਸਾਲ ਅਤੇ ਇਸ ਤੋਂ ਵੱਧ ਉਮਰ** ਦੇ ਲੋਕਾਂ ਲਈ - **3 ਖੁਰਾਕਾਂ**, ਪਹਿਲੀ ਖੁਰਾਕ ਦੇ 3 ਹਫ਼ਤਿਆਂ ਬਾਅਦ ਦੂਜੀ ਖੁਰਾਕ, ਦੂਜੀ ਖੁਰਾਕ ਦੇ ਘੱਟੋ-ਘੱਟ 4 ਹਫ਼ਤਿਆਂ ਬਾਅਦ ਤੀਜੀ ਖੁਰਾਕ | **6 ਮਹੀਨੇ ਅਤੇ ਇਸ ਤੋਂ ਵੱਧ ਉਮਰ** ਦੇ ਜ਼ਿਆਦਾਤਰ ਲੋਕਾਂ ਲਈ - **2 ਖੁਰਾਕਾਂ**, 4-8 ਹਫ਼ਤਿਆਂ ਦੇ ਅੰਤਰਾਲ ਵਿੱਚ<br><br>**ਕਮਜ਼ੋਰ ਰੋਗ ਪ੍ਰਤਿਰੋਧਕ ਸ਼ਕਤੀ ਵਾਲੇ 6 ਮਹੀਨੇ ਅਤੇ ਇਸ ਤੋਂ ਵੱਧ ਉਮਰ** ਦੇ ਲੋਕਾਂ ਲਈ - **3 ਖੁਰਾਕਾਂ**, ਪਹਿਲੀ ਖੁਰਾਕ ਦੇ 4 ਹਫ਼ਤਿਆਂ ਬਾਅਦ ਦੂਜੀ ਖੁਰਾਕ, ਦੂਜੀ ਖੁਰਾਕ ਦੇ ਘੱਟੋ-ਘੱਟ 4 ਹਫ਼ਤਿਆਂ ਬਾਅਦ ਤੀਜੀ ਖੁਰਾਕ | **12 ਸਾਲ ਅਤੇ ਇਸ ਤੋਂ ਵੱਧ ਉਮਰ** ਦੇ ਜ਼ਿਆਦਾਤਰ ਲੋਕਾਂ ਲਈ - **2 ਖੁਰਾਕਾਂ**, 3-8 ਹਫ਼ਤਿਆਂ ਦੇ ਅੰਤਰਾਲ ਵਿੱਚ<br><br>**ਕਮਜ਼ੋਰ ਰੋਗ ਪ੍ਰਤਿਰੋਧਕ ਸ਼ਕਤੀ ਵਾਲੇ 12 ਸਾਲ ਅਤੇ ਇਸ ਤੋਂ ਵੱਧ ਉਮਰ** ਦੇ ਲੋਕਾਂ ਲਈ - **2 ਖੁਰਾਕਾਂ**, ਪਹਿਲੀ ਖੁਰਾਕ ਦੇ 3 ਹਫ਼ਤਿਆਂ ਬਾਅਦ ਦੂਜੀ ਖੁਰਾਕ |
| **ਇਸ ਵੈਕਸੀਨ ਨੂੰ ਲਗਵਾਉਣ ਲਈ ਮੇਰੀ ਉਮਰ ਕਿੰਨੀ ਹੋਣੀ ਚਾਹੀਦੀ ਹੈ?** | 18 ਸਾਲ ਜਾਂ ਇਸ ਤੋਂ ਵੱਧ | 6 ਮਹੀਨੇ ਜਾਂ ਇਸ ਤੋਂ ਵੱਧ | 6 ਮਹੀਨੇ ਜਾਂ ਇਸ ਤੋਂ ਵੱਧ | 12 ਸਾਲ ਜਾਂ ਇਸ ਤੋਂ ਵੱਧ |
| **ਮੈਨੂੰ ਬੂਸਟਰ ਖੁਰਾਕ ਕਦੋਂ ਲਗਵਾਉਣੀ ਚਾਹੀਦੀ ਹੈ?** | ਨਵੀਨਤਮ mRNA ਬੂਸਟਰ ਵਾਸਤੇ ਤੁਹਾਡੀ ਆਖਰੀ ਖੁਰਾਕ ਦੇ 2 ਮਹੀਨੇ ਬਾਅਦ - 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ* | ਨਵੀਨਤਮ mRNA ਬੂਸਟਰ ਵਾਸਤੇ ਤੁਹਾਡੀ ਆਖਰੀ ਖੁਰਾਕ ਦੇ 2 ਮਹੀਨੇ ਬਾਅਦ - 5 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ* | ਨਵੀਨਤਮ mRNA ਬੂਸਟਰ ਵਾਸਤੇ ਤੁਹਾਡੀ ਅੰਤਮ ਖੁਰਾਕ ਦੇ 2 ਮਹੀਨੇ ਬਾਅਦ - 6 ਮਹੀਨੇ ਅਤੇ ਇਸ ਤੋਂ ਵੱਧ* | ਨਵੀਨਤਮ mRNA ਬੂਸਟਰ ਵਾਸਤੇ ਤੁਹਾਡੀ ਆਖਰੀ ਖੁਰਾਕ ਦੇ 2 ਮਹੀਨੇ ਬਾਅਦ - 12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ* |
| **ਮੈਂ ਕਿਹੜੇ ਬੂਸਟਰ ਲਈ ਯੋਗ ਹਾਂ?** | 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹਰ ਵਿਅਕਤੀ ਇੱਕ ਨਵੀਨਤਮ Pfizer ਜਾਂ Moderna ਬੂਸਟਰ ਵਾਸਤੇ ਯੋਗ ਹੈ* | 5 ਸਾਲ ਦਾ ਕੋਈ ਵੀ ਬੱਚਾ ਜਿਸ ਨੇ Pfizer ਪ੍ਰਾਇਮਰੀ ਸੀਰੀਜ਼ ਲੈ ਲਈ ਹੈ, ਉਹ ਨਵੀਨਤਮ Pfizer ਬੂਸਟਰ ਲਈ ਯੋਗ ਹੈ<br><br>6 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹਰ ਵਿਅਕਤੀ ਇੱਕ ਨਵੀਨਤਮ Pfizer ਜਾਂ Moderna ਬੂਸਟਰ ਵਾਸਤੇ ਯੋਗ ਹੈ* | 6 ਮਹੀਨੇ - 4 ਸਾਲ ਦਾ ਕੋਈ ਵੀ ਬੱਚਾ ਜਿਸ ਨੇ Moderna ਪ੍ਰਾਇਮਰੀ ਸੀਰੀਜ਼ ਪੂਰੀ ਕਰ ਲਈ ਹੈ, ਉਹ ਨਵੀਨਤਮ Moderna ਬੂਸਟਰ ਵਾਸਤੇ ਯੋਗ ਹੈ।<br><br>5 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹਰ ਵਿਅਕਤੀ ਇੱਕ ਨਵੀਨਤਮ Pfizer ਜਾਂ Moderna ਬੂਸਟਰ ਵਾਸਤੇ ਯੋਗ ਹੈ* | 12 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹਰ ਵਿਅਕਤੀ ਇੱਕ ਨਵੀਨਤਮ Pfizer ਜਾਂ Moderna ਬੂਸਟਰ ਵਾਸਤੇ ਯੋਗ ਹੈ* |

*Novavax 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਕੁਝ ਵਿਅਕਤੀ ਕੁਝ ਖਾਸ ਹਾਲਾਤਾਂ ਵਿੱਚ ਆਪਣੀ ਪ੍ਰਾਇਮਰੀ ਸੀਰੀਜ਼ ਨੂੰ ਪੂਰਾ ਕਰਨ ਤੋਂ 6 ਮਹੀਨੇ ਬਾਅਦ ਇੱਕ ਬੂਸਟਰ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹਨ। ਕਿਰਪਾ ਕਰਕੇ ਹੋਰ ਜਾਣਕਾਰੀ ਲਈ doh.wa.gov/covidbooster 'ਤੇ ਜਾਓ।

| | Johnson & Johnson | Pfizer – BioNTech | Moderna | Novavax |
|---|---|---|---|---|
| **ਕਲੀਨਿਕਲ ਟ੍ਰਾਇਲ ਵਿੱਚ ਵੈਕਸੀਨ ਕਿੰਨੀ ਅਸਰਦਾਰ ਸਾਬਤ ਹੋਈ ਸੀ?** | ਕਿਸੇ ਵੀ ਬਿਮਾਰੀ ਤੋਂ **74%** ਸੁਰੱਖਿਆ<br>ਗੰਭੀਰ ਬਿਮਾਰੀ ਤੋਂ **85%** ਸੁਰੱਖਿਆ<br>ਹਸਪਤਾਲ ਵਿੱਚ ਦਾਖਲ ਹੋਣ ਅਤੇ ਮੌਤ ਤੋਂ **100%** ਸੁਰੱਖਿਆ | ਕਿਸੇ ਵੀ ਬਿਮਾਰੀ ਤੋਂ **95%** ਸੁਰੱਖਿਆ<br>ਮੌਤ ਤੋਂ **100%** ਸੁਰੱਖਿਆ | ਕਿਸੇ ਵੀ ਬਿਮਾਰੀ ਤੋਂ **94%** ਸੁਰੱਖਿਆ<br>ਮੌਤ ਤੋਂ **100%** ਸੁਰੱਖਿਆ | ਕਿਸੇ ਵੀ ਬਿਮਾਰੀ ਤੋਂ **90%** ਸੁਰੱਖਿਆ<br>ਮੌਤ ਤੋਂ **100%** ਸੁਰੱਖਿਆ |
| **ਇਸ ਵਿੱਚ ਕਿਹੜੇ ਤੱਤ ਸ਼ਾਮਲ ਹਨ?** | ਵੈਕਸੀਨ ਵਿੱਚ ਫੈਟ, ਸਾਲਟ ਅਤੇ ਸ਼ੂਗਰ ਦੇ ਨਾਲ-ਨਾਲ ਐਡੀਨੋਵਾਇਰਸ ਦੇ ਸਰਗਰਮ ਤੱਤ ਸ਼ਾਮਲ ਹੁੰਦੇ ਹਨ। | ਵੈਕਸੀਨ ਵਿੱਚ ਫੈਟ, ਸਾਲਟ ਅਤੇ ਸ਼ੂਗਰ ਦੇ ਨਾਲ-ਨਾਲ RNA ਮੈਸੇਂਜਰ (mRNA) ਦੇ ਸਰਗਰਮ ਤੱਤ ਸ਼ਾਮਲ ਹੁੰਦੇ ਹਨ। | ਵੈਕਸੀਨ ਵਿੱਚ ਫੈਟ, ਸਾਲਟ ਅਤੇ ਸ਼ੂਗਰ ਦੇ ਨਾਲ-ਨਾਲ RNA ਮੈਸੇਂਜਰ (mRNA) ਦੇ ਸਰਗਰਮ ਤੱਤ ਸ਼ਾਮਲ ਹੁੰਦੇ ਹਨ। | ਵੈਕਸੀਨ ਵਿੱਚ ਫੈਟ, ਸਾਲਟ ਅਤੇ ਸ਼ੂਗਰ ਦੇ ਨਾਲ-ਨਾਲ ਸਪਾਈਕ ਗਲਾਈਕੋਪ੍ਰੋਟੀਨ ਦੇ ਸਰਗਰਮ ਤੱਤ ਸ਼ਾਮਲ ਹੁੰਦੇ ਹਨ। |
| **ਕਲੀਨਿਕਲ ਟ੍ਰਾਇਲ ਵਿੱਚ ਕਿੰਨ੍ਹਾ ਨੂੰ ਸ਼ਾਮਲ ਕੀਤਾ ਗਿਆ ਸੀ?** | • 3.3% ਏਸ਼ੀਅਨ<br>• 9.5% ਅਮਰੀਕਨ ਇੰਡੀਅਨ/ਅਲਾਸਕਾ ਦੇ ਮੂਲ ਨਿਵਾਸੀ<br>• 19.4% ਕਾਲੇ/ਅਫਰੀਕਨ ਅਮਰੀਕਨ<br>• 45% ਹਿਸਪੈਨਿਕ/ਲਾਤੀਨੀ<br>• 0.2% ਹਵਾਈ ਦੇ ਮੂਲ-ਨਿਵਾਸੀ ਅਤੇ ਹੋਰ ਪ੍ਰਸ਼ਾਂਤ ਆਈਲੈਂਡ ਦੇ ਨਿਵਾਸੀ<br>• 5.6% ਕਈ ਹੋਰ ਨਸਲਾਂ<br>• 59% ਗੋਰੇ<br><br>ਗਲੋਬਲ ਕਲੀਨਿਕਲ ਟ੍ਰਾਇਲ ਦੇ 41% ਭਾਗੀਦਾਰਾਂ ਨੂੰ ਪਹਿਲਾਂ ਤੋਂ ਹੀ ਸਿਹਤ ਸੰਬੰਧੀ ਕੋਈ ਇੱਕ ਜਾਂ ਵੱਧ ਬਿਮਾਰੀ ਸੀ | • 4% ਏਸ਼ੀਅਨ<br>• 0.6% ਅਮਰੀਕਨ ਇੰਡੀਅਨ ਜਾਂ ਅਲਾਸਕਾ ਦੇ ਮੂਲ ਨਿਵਾਸੀ<br>• 10% ਕਾਲੇ/ਅਫਰੀਕਨ ਅਮਰੀਕਨ<br>• 26% ਹਿਸਪੈਨਿਕ/ਲਾਤੀਨੀ<br>• 0.2% ਹਵਾਈ ਦੇ ਮੂਲ-ਨਿਵਾਸੀ ਅਤੇ ਹੋਰ ਪ੍ਰਸ਼ਾਂਤ ਆਈਲੈਂਡ ਦੇ ਨਿਵਾਸੀ<br>• 3% ਕਈ ਹੋਰ ਨਸਲਾਂ<br>• 82% ਗੋਰੇ<br><br>ਗਲੋਬਲ ਟ੍ਰਾਇਲ ਦੇ 46.2% ਭਾਗੀਦਾਰਾਂ ਨੂੰ ਪਹਿਲਾਂ ਤੋਂ ਹੀ ਸਿਹਤ ਸੰਬੰਧੀ ਕੋਈ ਇੱਕ ਜਾਂ ਵੱਧ ਬਿਮਾਰੀ ਸੀ 34.8% ਭਾਗੀਦਾਰਾਂ ਨੂੰ ਮੋਟਾਪੇ ਦੀ ਸ਼ਿਕਾਇਤ ਸੀ। | • 5% ਏਸ਼ੀਅਨ<br>• 1% ਅਮਰੀਕਨ ਇੰਡੀਅਨ ਜਾਂ ਅਲਾਸਕਾ ਦੇ ਮੂਲ<br>• 10% ਕਾਲੇ/ਅਫਰੀਕਨ ਅਮਰੀਕਨ<br>• 20% ਹਿਸਪੈਨਿਕ/ਲਾਤੀਨੀ<br>• 0.2% ਹਵਾਈ ਦੇ ਮੂਲ-ਨਿਵਾਸੀ ਅਤੇ ਹੋਰ ਪ੍ਰਸ਼ਾਂਤ ਆਈਲੈਂਡ ਦੇ ਨਿਵਾਸੀ<br>• 2.1% "ਹੋਰ ਨਸਲਾਂ ਦੇ"<br>• 79% ਗੋਰੇ<br><br>ਗਲੋਬਲ ਟ੍ਰਾਇਲ ਦੇ 22% ਭਾਗੀਦਾਰਾਂ ਨੂੰ ਇੱਕ ਉੱਚ-ਜੋਖਮ ਵਾਲੀ ਬਿਮਾਰੀ ਸੀ ਅਤੇ 4% ਭਾਗੀਦਾਰਾਂ ਨੂੰ ਦੋ ਜਾਂ ਵੱਧ ਉਚ-ਜੋਖਮ ਵਾਲੀਆਂ ਬਿਮਾਰੀਆਂ ਸਨ | • 75% ਗੋਰੇ<br>• 12% ਕਾਲੇ/ਅਫਰੀਕਨ ਅਮਰੀਕਨ<br>• 7% ਅਮਰੀਕਨ ਇੰਡੀਅਨ ਜਾਂ ਅਲਾਸਕਾ ਦੇ ਮੂਲ<br>• 22% ਹਿਸਪੈਨਿਕ/ਲਾਤੀਨੀ<br><br>ਟ੍ਰਾਇਲ ਦੇ 95% ਭਾਗੀਦਾਰ ਜ਼ਿਆਦਾ ਜੋਖਮ ਵਾਲੇ ਸਨ - ਜਾਂ ਉਹਨਾਂ ਦੀ ਉਮਰ 65 ਸਾਲਾਂ ਤੋਂ ਵੱਧ ਸੀ ਅਤੇ ਉਹ ਪਹਿਲਾਂ ਹੀ ਕਿਸੇ ਬਿਮਾਰੀ ਨਾਲ ਜੀਅ ਰਹੇ ਸਨ ਜਾਂ ਉਹ ਆਪਣੇ ਰਹਿਣ-ਸਹਿਣ ਜਾਂ ਕੰਮ ਦੀਆਂ ਸਥਿਤੀਆਂ ਕਾਰਨ COVID-19 ਜਾਂ ਸੰਘਣੀ ਆਬਾਦੀ ਦੇ ਵਾਰ-ਵਾਰ ਸੰਪਰਕ ਵਿੱਚ ਆਉਣ ਵਾਲੇ ਸਨ |

**DOH 820-169 December 2022 Punjabi, Indian**

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ।